ਦਫ਼ਤਰ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ:ਚਨਾਬ-ਜੇਹਲਮ, ਚੌਥੀ ਮੰਜਿਲ, ਮੋਗਾ।

ਡਾਇਰੀ ਨੰ.2115 ਮਿਤੀ 17-8-17
ਜਲ ਸਪਲਾਈ ਅਤੇ ਸੈਨੀਟੇਸ਼ਨ
ਮੰਡਲ ਮੋਗਾ

ਕਾਰਜਕਾਰੀ ਇੰਜੀਨੀਅਰ,
ਵਾਟਰ ਸਪਲਾਈ ਐਂਡ ਸੈਨੀਟੇਸ਼ਨ ਡਵੀਜ਼ਨ,
ਮੋਗਾ।

ਨੰਬਰ: 2109 ਮਿਤੀ: 14/8/2017

ਵਿਸ਼ਾ :- Providing details NOC for pipe laying in Forest Land in Nihal Singh Wala Block:

**Burj Duna to Rania Link Road along Canal**

3) Design and Build Surface Water Supply System and all appurtement structures and allied works; and
4) Operation & Maintenance of the complete works and supply of surface water to 85 villages of Block Moga-1 / Nihal Singh Wala/ Baghapurana/ District: Moga for a period of 120 months, State of Punjab, India.
(Under Punjab Rural Water & Sanitation Sector Improvement Project)

ਹਵਾਲਾ:- ਆਪ ਦਾ ਮੀਮੋ ਨੰ: 6324 ਮਿਤੀ: 10.08.2017

ਵਿਸ਼ੇ ਅੰਕਿਤ ਹਵਾਲੇ ਅਧੀਨ ਪੱਤਰ ਰਾਹੀਂ ਆਪ ਨੂੰ ਬੁਰਜ ਦੂੰਨਾ ਤੋਂ ਰਣੀਆਂ ਲਿੰਕ ਰੋਡ ਅਲਾਂਗ ਕਨਾਲ ਉੱਪਰ ਆਪ ਦੇ ਪੱਤਰ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ।

ਪੱਕੀ ਸੜਕ/ ਬਰਮ ਪੱਟਣ ਲਈ ਸ਼ਰਤਾਂ:-

1) ਵਾਟਰ ਸਪਲਾਈ ਪਾਈਪ ਲਾਈਨ ਸੜਕ ਦੇ ਆਰ.ਓ.ਡਬਲਯੂ. ਦੇ ਐਜ ਤੇ ਪਾਈ ਜਾਵੇਗੀ। ਵਾਟਰ ਸਪਲਾਈ ਪਾਈਪ ਲਾਈਨ ਸੜਕ ਦੇ ਬਰਮਾਂ ਤੇ ਪਾਉਣ ਤੋਂ ਗੁਰੇਜ਼ ਕੀਤਾ ਜਾਵੇ।
2) ਵਾਟਰ ਸਪਲਾਈ ਪਾਈਪ ਲਾਈਨ ਪਾਉਣ ਤੋਂ ਪਹਿਲਾਂ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਕੰਮ ਦਾ ਮੰਥਲੀ ਵਰਕ ਸ਼ਡਿਊਲ ਦਿੱਤਾ ਜਾਵੇ।
3) ਵਾਟਰ ਸਪਲਾਈ ਪਾਈਪ ਲਾਈਨ ਪਾਉਣ ਲਈ ਅੱਧਾ ਕਿਲੋਮੀਟਰ ਤੋਂ ਵੱਧ ਸੜਕ ਨਾ ਪੱਟੀ ਜਾਵੇ, ਪਹਿਲਾਂ ਅੱਧੇ ਕਿਲੋਮੀਟਰ ਤੇ ਕੰਮ ਮੁਕੰਮਲ ਕਰਕੇ ਉਸਨੂੰ ਰੀਸਟੋਰ ਕੀਤਾ ਜਾਵੇ ਫਿਰ ਅਗਲੇ ਪੋਰਸ਼ਨ ਦੀ ਪਟਾਈ ਕੀਤੀ ਜਾਵੇ।
4) ਪੱਕੀ ਸੜਕ ਪੱਟਣ ਤੋਂ ਗੁਰੇਜ਼ ਕੀਤਾ ਜਾਵੇ, ਜੇਕਰ ਪੱਕੀ ਸੜਕ ਪੱਟਣ ਦੀ ਜਰੂਰਤ ਪੈਂਦੀ ਹੈ, ਤਾਂ ਸੜਕ ਪੱਟਣ ਤੋਂ ਪਹਿਲਾਂ ਵਿਭਾਗ ਨੂੰ ਸੂਚਿਤ ਕੀਤਾ ਜਾਵੇ।
5) ਪੱਕੀ ਸੜਕ ਪੱਟਣ ਦੀ ਸੂਰਤ ਵਿੱਚ ਉਸਨੂੰ ਕੰਮ ਮੁਕੰਮਲ ਹੋਣ ਤੋਂ ਤੁਰੰਤ ਬਾਅਦ ਪੀ.ਡਬਲਯੂ.ਡੀ. ਸਪੈਸੀਫਿਕੇਸ਼ਨਾਂ ਮੁਤਾਬਿਕ ਰੀਸਟੋਰ ਕੀਤਾ ਜਾਵੇ।
6) ਵਾਟਰ ਸਪਲਾਈ ਪਾਈਪ ਲਾਈਨ ਪਾਉਣ ਸਮੇਂ ਸਹੀ ਤਰੀਕੇ ਟਰੈਫਿਕ ਚਲਾਉਣ ਦੀ ਜ਼ਿੰਮੇਵਾਰੀ ਤੁਹਾਡੇ ਆਪਣੇ ਵਿਭਾਗ ਦੀ ਹੋਵੇਗੀ।
7) ਵਾਟਰ ਸਪਲਾਈ ਪਾਈਪ ਲਾਈਨ ਪਾਉਣ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਿਸੇ ਵੀ ਪਬਲਿਕ ਪ੍ਰਾਪਰਟੀ/ ਸਰਕਾਰੀ ਪ੍ਰਾਪਰਟੀ ਦਾ ਨੁਕਸਾਨ ਨਾ ਹੋਵੇ। ਨੁਕਸਾਨ ਹੋਣ ਦੀ ਸੂਰਤ ਵਿੱਚ ਇਸ ਦੀ ਭਰਪਾਈ ਤੁਹਾਡੇ ਵਿਭਾਗ ਨੂੰ ਕਰਨੀ ਪਵੇਗੀ।

ਹੋਰ ਸ਼ਰਤਾਂ:-

1) ਜੇਕਰ ਵਾਟਰ ਸਪਲਾਈ ਪਾਈਪ ਲਾਈਨ ਫੌਰੈਸਟ ਵਿਭਾਗ ਦੇ ਏਰੀਏ ਵਿੱਚ ਪਾਈ ਜਾਂਦੀ ਹੈ, ਤਾਂ ਇਸ ਵਿਭਾਗ ਨੂੰ ਕੋਈ ਇਤਰਾਜ ਨਹੀਂ ਹੈ, ਪ੍ਰੰਤੂ ਇਸ ਲਈ ਜੇਕਰ ਫੌਰੈਸਟ ਵਿਭਾਗ ਤੋਂ ਵੱਖਰੀ ਪ੍ਰਵਾਨਗੀ ਦੀ ਜਰੂਰਤ ਹੈ ਤਾਂ ਉਹ ਆਪਣੇ ਪੱਧਰ 'ਤੇ ਸਬੰਧਤ ਵਿਭਾਗ ਪਾਸੋਂ ਲਈ ਜਾਵੇ ਜੀ।
2) ਵਾਟਰ ਸਪਲਾਈ ਪਾਈਪ ਪਾਉਣ ਲਈ ਜੇਕਰ ਕਿਸੇ ਹੋਰ ਵਿਭਾਗ ਪਾਸੋਂ ਨਾ ਇਤਰਾਜ ਸਰਟੀਫਿਕੇਟ ਦੀ ਲੋੜ ਪੈਂਦੀ ਹੈ, ਤਾਂ ਉਹ ਆਪਣੇ ਪੱਧਰ 'ਤੇ ਲਿਆ ਜਾਵੇ ਜੀ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਮੋਗਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ, ਮੋਗਾ ਜੀ ਦੇ ਪਿੱਠ ਅੰਕਣ ਪੱਤਰ ਨੰ:6325-28 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

1) ਸਕੱਤਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਚੰਡੀਗੜ੍ਹ।
2) ਐਰ.ਓ.ਡੀ. ਡਿਪਾਰਟਮੈਂਟ ਆਫ ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਮੋਹਾਲੀ।
3) ਮੁਖ ਇੰਜੀਨੀਅਰ (ਸੈਂਟਰਲ), ਪੰਜਾਬ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ।
4) ਨਿਗਰਾਨ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਹਲਕਾ ਫਰੀਦਕੋਟ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਮੋਗਾ।